ਬਾਲ ਦੇਖਭਾਲ ਬਾਰੇ ਸਾਰੀ ਜਾਣਕਾਰੀ

CIC ਤੋਂ ਫ਼ੰਡ ਪ੍ਰਾਪਤ ਸੈਟਲਮੈਂਟ ਸੇਵਾਵਾਂ ਵਰਤ ਰਹੇ ਮਾਪਿਆਂ ਲਈ

ਸੈਟਲਮੈਂਟ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਵਿੱਚ ਨਵੇਂ ਆਏ ਮਾਪਿਆਂ ਦੀ ਮਦਦ ਕਰਨ ਲਈ, ਸਿਟਿਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ [Citizenship and Immigration Canada (CIC)] ਕੁਝ ਸੰਸਥਾਵਾਂ ਨੂੰ ਫ਼ੰਡ ਪ੍ਰਦਾਨ ਕਰਦੀ ਹੈ ਜੋ ਮੌਕੇ 'ਤੇ ਬਾਲ ਦੇਖਭਾਲ ਮੁਹੱਈਆ ਕਰਦੀਆਂ ਹਨ। ਨੌਕਰੀ ਦੀ ਭਾਲ ਸਬੰਧੀ ਵਰਕਸ਼ਾਪਾਂ ਵਰਗੇ ਪ੍ਰੋਗਰਾਮਾਂ ਲਈ ਥੋੜ੍ਹੀ ਮਿਆਦ ਦੀ ਦੇਖਭਾਲ ਉਪਲਬਧ ਹੈ, ਜਦਕਿ ਭਾਸ਼ਾ ਕਲਾਸਾਂ ਲਈ ਬਾਲ ਦੇਖਭਾਲ ਆਮ ਤੌਰ 'ਤੇ ਰੋਜ਼ਾਨਾ ਕੰਮ ਕਰਦੀ ਹੈ ਅਤੇ ਵਧੇਰੇ ਲੰਬੇ ਸਮੇਂ ਲਈ ਚਲਦੀ ਹੈ।

ਤੁਹਾਡਾ ਬੱਚਾ ਹਿੱਸਾ ਕਿਵੇਂ ਲੈ ਸਕਦਾ ਹੈ?

ਆਪਣੇ ਬੱਚੇ ਨੂੰ ਦਾਖਲ ਕਰਾਉਣ ਲਈ, ਤੁਹਾਨੂੰ ਇੱਕ ਰਜਿਸਟ੍ਰੇਸ਼ਨ ਫ਼ਾਰਮ ਭਰਨ ਦੀ ਲੋੜ ਪਵੇਗੀ। ਤੁਹਾਡੇ ਬੱਚੇ ਦੀ ਉਮਰ 'ਤੇ ਨਿਰਭਰ ਕਰਦੇ ਹੋਏ, ਕੁਝ ਇਮਿਊਨਾਈਜ਼ੇਸ਼ਨਾਂ (ਟੀਕਾਕਰਣਾਂ) ਦੀ ਲੋੜ ਵੀ ਪੈ ਸਕਦੀ ਹੈ। ਇਸਤੋਂ ਇਲਾਵਾ, ਹਰੇਕ ਸੰਸਥਾ ਕੋਲ ਪੂਰੀਆਂ ਕਰਨ ਲਈ ਆਪਣੀਆਂ ਖ਼ਾਸ ਲੋੜਾਂ ਹੋਣਗੀਆਂ ਅਤੇ ਭਰਨ ਲਈ ਫ਼ਾਰਮ ਹੋਣਗੇ। ਕੁਝ ਪ੍ਰੋਗਰਾਮਾਂ ਵਿੱਚ ਉਡੀਕ ਕਰਨ ਵਾਲਿਆਂ ਦੀ ਸੂਚੀ ਹੋ ਸਕਦੀ ਹੈ। ਬਾਲ ਦੇਖਭਾਲ ਸਟਾਫ਼ ਤੋਂ ਉਨ੍ਹਾਂ ਪ੍ਰਕਿਰਿਆਵਾਂ ਦੇ ਬਾਰੇ ਵੇਰਵੇ ਜ਼ਰੂਰ ਪੁੱਛੋ ਜੋ ਤੁਹਾਨੂੰ ਪੂਰੀਆਂ ਕਰਨੀਆਂ ਪੈਣਗੀਆਂ।

ਤੁਹਾਡੇ ਬੱਚੇ ਦੀ ਸੁਰੱਖਿਆ ਤੋਂ ਵਧੇਰੇ ਅਹਿਮ ਕੁਝ ਵੀ ਨਹੀਂ ਹੈ!

ਤੁਸੀਂ ਇਸ ਗੱਲ ਦਾ ਭਰੋਸਾ ਰੱਖ ਸਕਦੇ ਹੋ ਕਿ ਦੇਖਭਾਲਕਰਤਾ ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਹੁੰਦੇ ਹਨ। ਹਰੇਕ ਪ੍ਰੋਗਰਾਮ ਵਿੱਚ ਘੱਟੋ-ਘੱਟ ਇੱਕ ਸਟਾਫ਼ ਮੈਂਬਰ ਕੋਲ ਅਰਲੀ ਚਾਈਲਡਹੁੱਡ ਐਜੂਕੇਸ਼ਨ (Early Childhood Education) ਡਿਪਲੋਮਾ ਹੁੰਦਾ ਹੈ, ਜਦਕਿ ਦੂਜਿਆਂ ਕੋਲ ਬੱਚਿਆਂ ਨਾਲ ਕੰਮ ਕਰਨ ਦਾ ਘੱਟੋ-ਘੱਟ ਇੱਕ ਸਾਲ ਦਾ ਤਜਰਬਾ ਹੁੰਦਾ ਹੈ। ਸਾਰੇ ਦੇਖਭਾਲਕਰਤਾਵਾਂ ਕੋਲ ਪਿਛੋਕੜ ਜਾਂਚਾਂ ਅਤੇ ਮੁੱਢਲੀ ਸਹਾਇਤਾ ਬਾਰੇ ਸਿਖਲਾਈ ਵੀ ਹੁੰਦੀ ਹੈ।

ਇਸਤੋਂ ਇਲਾਵਾ,CIC- ਫੰਡਿਡ ਬਾਲ ਦੇਖਭਾਲ ਪ੍ਰੋਗਰਾਮ ਨੀਤੀਆਂ ਅਨੁਸਾਰ ਚਲਦੇ ਹਨ ਅਤੇ ਸਿਹਤ ਅਤੇ ਸੁਰੱਖਿਆ ਲੋੜਾਂ ਪੂਰੀਆਂ ਕਰਨ ਲਈ ਇਹਨਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਸਾਡੀ ਇੱਕ ਬੀਹੇਵੀਅਰ ਮੈਨੇਜਮੈਂਟ ਪਾਲਿਸੀ (Behaviour Management Policy) ਹੈ ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਰੇ ਬੱਚਿਆਂ ਨਾਲ ਬਰਾਬਰੀ ਅਤੇ ਆਦਰ ਨਾਲ ਪੇਸ਼ ਆਇਆ ਜਾਂਦਾ ਹੈ। ਲਾਜ਼ਮੀ ਹੈ ਕਿ ਸਟਾਫ਼ ਹਾਂ-ਪੱਖੀ ਤਰਕਿਆਂ ਨਾਲ ਵਤੀਰੇ ਨੂੰ ਮਜ਼ਬੂਤ ਬਣਾਵੇ। ਬੱਚਿਆਂ ਨੂੰ ਸਰੀਰਕ ਸਜ਼ਾ ਦੇਣ ਜਾਂ ਉਹਨਾਂ ਨਾਲ ਤਿੱਖੇ ਲਹਿਜੇ ਵਿੱਚ ਗੱਲ ਕਰਨ ਦੀ ਆਗਿਆ ਨਹੀਂ ਹੈ; ਅਤੇ ਨਾ ਹੀ ਨਿਗਰਾਨੀ ਵਿੱਚ ਅਣਗਹਿਲੀ ਜਾਂ ਕਮੀ ਦੀ ਆਗਿਆ ਹੈ। ਓਂਟੇਰੀਓ ਚਾਈਲਡ ਐਂਡ ਫ਼ੈਮਿਲੀ ਸਰਵਿਸਿਜ਼ ਐਕਟ (Ontario Child and Family Services Act) ਮੁਤਾਬਕ, ਜੇ ਕਿਸੇ ਬਾਲਗ ਨੂੰ ਇਹ ਸ਼ੱਕ ਹੈ ਕਿ ਬੱਚੇ ਨੂੰ ਬਦਸਲੂਕੀ ਜਾਂ ਅਣਗਹਿਲੀ ਤੋਂ ਸੁਰੱਖਿਆ ਦੀ ਲੋੜ ਹੈ ਤਾਂ ਉਸਨੂੰ ਇਸਦੀ ਸੂਚਨਾ ਲਾਜ਼ਮੀ ਤੌਰ 'ਤੇ ਚਿਲਡ੍ਰਨਜ਼ ਏਡ ਸੋਸਾਇਟੀ (Children's Aid Society) ਮੁਤਾਬਕ, ਜੇ ਕਿਸੇ ਬਾਲਗ ਨੂੰ ਇਹ ਸ਼ੱਕ ਹੈ ਕਿ ਬੱਚੇ ਨੂੰ ਬਦਸਲੂਕੀ ਜਾਂ ਅਣਗਹਿਲੀ ਤੋਂ ਸੁਰੱਖਿਆ ਦੀ ਲੋੜ ਹੈ ਤਾਂ ਉਸਨੂੰ ਇਸਦੀ ਸੂਚਨਾ ਲਾਜ਼ਮੀ ਤੌਰ 'ਤੇ ਚਿਲਡ੍ਰਨਜ਼ ਏਡ ਸੋਸਾਇਟੀ (Child Abuse Policy) ਇਸ ਦੀ ਹਿਮਾਇਤ ਕਰਦੀ ਹੈ। ਜੇ ਤੁਸੀਂ ਚਾਈਲਡ ਐਬਿਯੂਜ਼ (Child Abuse) ਜਾਂ ਬੀਹੇਵੀਅਰ ਮੈਨੇਜਮੈਂਟ ਪਾਲਿਸੀ (Behaviour Management Policy) ਦੀ ਕਾਪੀ ਦੇਖਣੀ ਚਾਹੋਗੇ ਤਾਂਸਟਾਫ਼ ਨੂੰ ਪੁੱਛੋ।

ਤੁਸੀਂ ਬਾਲ ਦੇਖਭਾਲ ਤੋਂ ਕੀ ਉਮੀਦ ਕਰ ਸਕਦੇ ਹੋ?

ਕੈਨੇਡਾ ਵਿੱਚ ਅਸੀਂ ਜਿਹਨਾਂ ਤਰੀਕਿਆਂ ਨਾਲ ਇੱਕ ਗਰੁੱਪ ਦੇ ਮਾਹੌਲ ਵਿੱਚ ਬੱਚਿਆਂ ਦੀ ਦੇਖਭਾਲ ਕਰਦੇ ਹਾਂ, ਉਹ ਤੁਹਾਡੇ ਦੇਸ਼ ਨਾਲੋਂ ਵੱਖ ਹੋ ਸਕਦੇ ਹਨ। ਜੇ ਅਨੁਸ਼ਾਸਨ, ਭੋਜਨ, ਭਾਸ਼ਾ, ਸਿੱਖਿਆ ਜਾਂ ਰੁਟੀਨ ਬਾਰੇ ਤੁਹਾਡੇ ਸਵਾਲ ਹਨ, ਤਾਂ ਕਿਰਪਾ ਕਰਕੇ ਪੁੱਛੋ। ਦੇਖਭਾਲ-ਕਰਤਾ ਬੱਚਿਆਂ ਦੀਆਂ ਦਿਲਚਸਪੀਆਂ, ਉਮਰ, ਯੋਗਤਾਵਾਂ ਅਤੇ ਸੱਭਿਆਚਾਰਾਂ ਦੇ ਅਧਾਰ 'ਤੇ ਵਿਦਿਅਕ ਗਤੀਵਿਧੀਆਂ ਦੀ ਯੋਜਨਾ ਬਣਾਉਂਦੇ ਹਨ। ਤੁਹਾਡਾ ਬੱਚਾ ਅੰਗ੍ਰੇਜ਼ੀ ਦਾ ਅਭਿਆਸ ਕਰੇਗਾ, ਦੂਜੇ ਬੱਚਿਆਂ ਨਾਲ ਮੇਲ-ਜੋਲ ਕਰੇਗਾ ਅਤੇ ਅਜਿਹੇ ਹੁਨਰ ਵਿਕਸਿਤ ਕਰੇਗਾ ਜੋ ਉਸਨੂੰ ਸਕੂਲ ਲਈ ਤਿਆਰ ਕਰਨਗੇ।

ਤੁਸੀਂ ਆਪਣੇ ਬੱਚੇ ਦੀ ਬਾਲ ਦੇਖਭਾਲ ਵਿੱਚ ਢਲਣ ਲਈ ਕਿਵੇਂ ਮਦਦ ਕਰ ਸਕਦੇ ਹੋ?

ਤੁਹਾਡੇ ਬੱਚੇ ਲਈ ਬਾਲ ਦੇਖਭਾਲ ਸ਼ੁਰੂ ਕਰਨ ਬਾਰੇ ਡਰ ਹੋਣਾ ਆਮ ਗੱਲ ਹੈ। ਇਸ ਤਬਦੀਲੀ ਨੂੰ ਸੁਖਾਲਾ ਬਣਾਉਣ ਲਈ ਸਟਾਫ਼ ਤੁਹਾਡੇ ਨਾਲ ਕੰਮ ਕਰੇਗਾ ਪਰ, ਸ਼ੁਰੂ ਵਿੱਚ, ਹੋ ਸਕਦਾ ਹੈ ਕਿ ਬੱਚੇ ਰੋਣ, ਤੁਹਾਡੇ ਨਾਲ ਚਿੰਬੜਨ, ਆਪਣੇ ਅੰਗੂਠੇ ਚੂਸਣ ਜਾਂ ਆਪਣੇ ਵਤੀਰੇ ਵਿੱਚ ਵਿਰੋਧ ਦਿਖਾਉਣ। ਤੁਸੀਂ ਆਪਣੇ ਬੱਚੇ ਨੂੰ ਪਹਿਲੇ ਦਿਨ ਤੋਂ ਪਹਿਲਾਂ ਇੱਥੇ ਲਿਆ ਕੇ ਅਤੇ ਇਹ ਦੱਸ ਕੇ ਕਿ ਉਹ ਇੱਥੇ ਕੀ ਉਮੀਦ ਕਰ ਸਕਦੇ ਹਨ ਜਾਂ ਥੋੜ੍ਹੀ ਦੇਰ ਲਈ ਉਹਨਾਂ ਦੇ ਨਾਲ ਠਹਿਰ ਕੇ ਉਹਨਾਂ ਦੇ ਡਰ ਨੂੰ ਦੂਰ ਕਰ ਸਕਦੇ ਹੋ। ਮਨਪਸੰਦ ਖਿਡੌਣਾ ਲਿਆਉਣ ਨਾਲ ਵੀ ਮਦਦ ਮਿਲ ਸਕਦੀ ਹੈ।

ਮਾਪਿਆਂ ਅਤੇ ਸਟਾਫ਼ ਵਿਚਾਲੇ ਸੂਚਨਾ ਦਾ ਲੈਣ-ਦੇਣ ਅਹਿਮ ਹੈ!

ਸਟਾਫ਼ ਨੂੰ ਇਹ ਦੱਸਣਾ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਨੂੰ ਕੋਈ ਅਲਰਜੀ, ਭੋਜਨ ਦੀ ਪਾਬੰਦੀ ਜਾਂ ਵਿਸ਼ੇਸ਼ ਲੋੜਾਂ ਜਾਂ ਚੁਣੌਤੀਆਂ ਹਨ; ਉਹਨਾਂ ਦੇ ਝਪਕੀ ਲੈਣ ਜਾਂ ਖਾਣ-ਪੀਣ ਦੇ ਸਮਿਆਂ; ਆਪਣੀ ਭਾਸ਼ਾ ਵਿੱਚ ਸੌਖੇ ਸ਼ਬਦ ਜੋ ਸਟਾਫ਼ ਨੂੰ ਤੁਹਾਡੇ ਬੱਚੇ ਨਾਲ ਗੱਲਬਾਤ ਕਰਨ ਵਿੱਚ ਮਦਦ ਕਰਨਗੇ; ਪਰਿਵਾਰ ਅਤੇ ਭੈਣ-ਭਰਾਵਾਂ ਬਾਰੇ ਜਾਣਕਾਰੀ; ਤੁਸੀਂ ਆਪਣੇ ਬੱਚੇ ਦੀ ਕਿਹੜੇ ਖ਼ਾਸ ਤਰੀਕਿਆਂ ਨਾਲ ਦੇਖਭਾਲ ਕਰਦੇ ਹੋ ਅਤੇ ਤੁਸੀਂ ਬਾਲ ਦੇਖਭਾਲ ਤੋਂ ਕੀ ਮੰਗ ਕਰ ਸਕਦੇ ਹੋ; ਤੁਹਾਡੇ ਬੱਚੇ ਦੀਆਂ ਦਿਲਚਸਪੀਆਂ ਅਤੇ ਮਨਪਸੰਦ ਭੋਜਨ; ਅਤੇ ਕੋਈ ਬਿਮਾਰੀਆਂ ਜੋ ਉਹਨਾਂ ਨੂੰ ਹਨ ਜਾਂ ਉਹ

ਕੋਈ ਦਵਾਈ ਲੈ ਰਹੇ ਹਨ (ਕਿਰਪਾ ਕਰਕੇ ਧਿਆਨ ਦਿਓ: ਬੱਚਿਆਂ ਨੂੰ ਦਵਾਈ ਸਿਰਫ਼ ਜਾਨਲੇਵਾ ਸਥਿਤੀਆਂ ਵਿੱਚ ਹੀ ਦਿੱਤੀ ਜਾਂਦੀ ਹੈ ਅਤੇ ਤੁਹਾਨੂੰ ਦਵਾਈ ਕਦੇ ਵੀ ਆਪਣੇ ਬੱਚੇ ਕੋਲ ਜਾਂ ਉਸ ਦੇ ਬੈਗ ਵਿੱਚ ਨਹੀਂ ਛੱਡਣੀ ਚਾਹੀਦੀ) ਜੇ ਤੁਹਾਡੇ ਕੋਈ ਵੀ ਸਵਾਲ ਹੋਣ ਤਾਂ ਤੁਹਾਨੂੰ ਵੀ ਬੇਝਿਜਕ ਬੱਚਿਆਂ ਨੂੰ ਦਵਾਈ ਸਿਰਫ਼ ਜਾਨਲੇਵਾ ਸਥਿਤੀਆਂ ਵਿੱਚ ਹੀ ਦਿੱਤੀ ਜਾਂਦੀ ਹੈ ਅਤੇ ਤੁਹਾਨੂੰ ਦਵਾਈ ਕਦੇ ਵੀ ਆਪਣੇ ਬੱਚੇ ਕੋਲ ਜਾਂ ਉਸ ਦੇ ਬੈਗ ਵਿੱਚ ਨਹੀਂ ਛੱਡਣੀ ਚਾਹੀਦੀ)।

ਜੇ ਤੁਹਾਡੇ ਕੋਈ ਵੀ ਸਵਾਲ ਹੋਣ ਤਾਂ ਤੁਹਾਨੂੰ ਵੀ ਬੇਝਿਜਕ ਪੁੱਛਣੇ ਚਾਹੀਦੇ ਹਨ। ਯਾਦ ਰੱਖੋ! ਉਹ ਉੱਥੇ ਤੁਹਾਡੀ ਮਦਦ ਲਈ ਹਨ!

ਧਿਆਨ ਰੱਖਣਯੋਗ ਦੂਜੀਆਂ ਗੱਲਾਂ:

- ਜਦੋਂ ਤੁਹਾਡਾ ਬੱਚਾ ਦੇਖਭਾਲ ਵਿੱਚ ਹੋਵੇ ਤਾਂ ਲਾਜ਼ਮੀ ਹੈ ਕਿਤੁਸੀਂ ਹਰ ਸਮੇਂ ਇਮਾਰਤ ਵਿੱਚ ਹੀ ਹੋਵੋ। ਇਹ ਵੀ ਜਾਣ ਲਓ, ਕਿ ਤੁਹਾਡੇ ਬੱਚੇ ਦੀ ਸੁਰੱਖਿਆ ਲਈ, ਅਸੀਂ ਸਿਰਫ਼ ਉਸ ਮਾਤਾ ਜਾਂ ਪਿਤਾ ਨੂੰ ਹੀ ਬੱਚੇ ਨੂੰ ਛੱਡ ਕੇ ਜਾਣ ਅਤੇ ਲੈ ਕੇ ਜਾਣ ਦੀ ਆਗਿਆ ਦੇਵਾਂਗੇ ਜੋ ਇਹਨਾਂ ਸੇਵਾਵਾਂ ਲਈ ਰਜਿਸਟਰਡ ਹੈ।
- ਆਪਣੇ ਬੱਚੇ ਨੂੰ ਮੌਸਮ ਮੁਤਾਬਕ ਅਤੇ ਪ੍ਰੋਗਰਾਮ ਵਿੱਚ ਜੋ ਗਤੀਵਿਧੀਆਂ ਉਹ ਕਰਨਗੇ, ਉਹਨਾਂ ਦੇ ਮੁਤਾਬਕ ਕਪੜੇ ਪੁਆਓ। ਜੇ ਤੁਹਾਡੇ ਇਸ ਬਾਰੇ ਸਵਾਲ ਹਨ ਕਿ ਤੁਹਾਡੇ ਬੱਚੇ ਨੂੰ ਕੀ ਪਹਿਨਣਾ ਚਾਹੀਦਾ ਹੈ, ਤਾਂ ਸਟਾਫ਼ ਨੂੰ ਪੁੱਛੋ।
- ਬੱਚੇ ਦੀ ਰੁਟੀਨ ਬਣਾਈ ਰੱਖਣ ਲਈ ਅਤੇ ਉਸ ਨੂੰ ਸਕੂਲ ਜਾਣ ਲਈ ਤਿਆਰ ਕਰਨ ਵਾਸਤੇ ਇਹ ਅਹਿਮ ਹੈ ਕਿ ਆਪਣੇ ਬੱਚੇ ਨੂੰ ਬਾਲ ਦੇਖਭਾਲ ਵਿੱਚ ਨਿਯਮਿਤ ਰੂਪ ਵਿੱਚ ਲੈ ਕੇ ਆਓ। ਜੇ ਤੁਹਾਡੇ ਬੱਚੇ ਲਈ ਗੈਰਹਾਜ਼ਰ ਹੋਣਾ ਲਾਜ਼ਮੀ ਹੈ, ਤਾਂ ਸਟਾਫ਼ ਨੂੰ ਦੱਸੋ। ਨਹੀਂ ਤਾਂ, ਤੁਸੀਂ ਆਪਣੇ ਬਾਲ ਦੇਖਭਾਲ ਸਬੰਧੀ ਵਿਸ਼ੇਸ਼ ਅਧਿਕਾਰ ਗੁਆ ਸਕਦੇ ਹੋ।
- ਜੇ ਤੁਹਾਡਾ ਬੱਚਾ ਬਿਮਾਰ ਹੈ, ਤਾਂ ਉਸਨੂੰ ਬਿਮਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਘਰ ਵਿੱਚ ਹੀ ਰੱਖੋ। ਇਸਤੋਂ ਪਹਿਲਾਂ ਕਿ ਬੁਖਾਰ ਜਾਂ ਦਸਤਾਂ ਤੋਂ ਪੀੜਤ ਬੱਚੇ ਬਾਲ ਦੇਖਭਾਲ ਵਿਖੇ ਵਾਪਸ ਆ ਸਕਣ, ਉਹਨਾਂ ਦਾ ੨੪ ਘੰਟੇ ਲਈ ਇਹਨਾਂ ਦੇ ਲੱਛਣਾਂ ਤੋਂ ਮੁਕਤ ਰਹਿਣਾ ਲਾਜ਼ਮੀ ਹੈ।

ਬਾਲ ਦੇਖਭਾਲ ਪ੍ਰੋਗਰਾਮ ਬਾਰੇ ਸਾਰੀ ਜਾਣਕਾਰੀ ਸਾਡੇ / ALL ABOUT OUR CHILD CARE PROGRAM / À PROPOS DE NOTRE PROGRAMME DE GARDE D'ENFANTS

ਪ੍ਰੋਗਰਾਮ ਦਾ ਨਾਂ / Program Name / Nom du programme

ਪਤਾ / Address / Adresse

ਫ਼ੋਨ / Phone / Téléphone

ਈ-ਮੇਲ / E-mail / Courriel

ਦੇਖਭਾਲਕਰਤਾ ਦਾ ਨਾਂ / Caregiver's Name / Nom du dispensateur de soins

ਬਾਲ ਦੇਖਭਾਲ ਲਈ ਤੁਹਾਡੇ ਘੰਟੇ / Your Child Care Hours / Vos heures de garde d'enfants

	ਹਾਂ Yes / Oui	ਨਹੀਂ No / Non
ਲੋੜੀਂਦੀ ਇਮਿਊਨਾਈਜ਼ੇਸ਼ਨ Immunization required / Immunisation requise	☐	☐
ਤੁਹਾਡੇ ਬੱਚੇ ਦੇ ਆਉਣ ਅਤੇ ਜਾਣ ਦਾ ਸਮਾਂ Sign your child in and out / Signez pour l'entrée et la sortie de votre enfant	☐	☐
ਅਸੀਂ ਹਲਕਾ ਨਾਸ਼ਤਾ ਮੁਹੱਈਆ ਕਰਦੇ ਹਾਂ We provide snacks / Nous fournissons des collations	☐	☐
ਆਪਣੇ ਬੱਚੇ ਦਾ ਦੁਪਹਿਰ ਦਾ ਖਾਣਾ ਲਿਆਓ Bring your child's lunch / Apportez le déjeuner de votre enfant	☐	☐
ਦੁਪਹਿਰ ਦੇ ਖਾਣੇ 'ਤੇ ਤੁਸੀਂ ਆਪਣੇ ਬੱਚੇ ਦਾ ਧਿਆਨ ਰਖਦੇ ਹੋ You care for your child at lunch / Vous vous occupez de votre enfant lors du déjeuner	☐	☐
ਸਾਡੇ ਦੁਪਹਿਰੇ ਝਪਕੀ ਲੈਣ ਦਾ ਸਮਾਂ ਹੁੰਦਾ ਹੈ We have a naptime / Nous prévoyons un roupillon	☐	☐

	ਹਾਂ Yes / Oui	ਨਹੀਂ No / Non
ਸਾਡੇ ਦੁਪਹਿਰੇ ਝਪਕੀ ਲੈਣ ਦਾ ਸਮਾਂ ਹੁੰਦਾ ਹੈ Bring your child's favourite toy / Apportez le jouet favori de votre enfant	☐	☐
ਵਾਧੂ ਭੋਜਨ ਲੈ ਕੇ ਆਓ Bring extra food / Apportez de la nourriture supplémentaire	☐	☐
ਵਾਧੂ ਭੋਜਨ ਲੈ ਕੇ ਆਓ Bring a blanket / Apportez une couverture	☐	☐
ਵਾਧੂ ਕਪੜੇ ਲੈ ਕੇ ਆਓ Bring extra clothes / Apportez des vêtements supplémentaires	☐	☐
ਡਾਇਪਰ ਲੈ ਕੇ ਆਓ Bring diapers / Apportez des couches	☐	☐
ਘਰ 'ਚ ਪਾਉਣ ਵਾਲੇ ਜੁੱਤੇ ਲੈ ਕੇ ਆਓ Bring indoor shoes / Apportez des chaussures pour l'intérieur	☐	☐

ਵਾਧੂ ਜਾਣਕਾਰੀ / Additional information / Renseignements supplémentaires

ਤਿਆਰ ਕੀਤਾ ਗਿਆ
Developed by
Élaboré par

CMAS

ਫ਼ੰਡ ਕੀਤਾ ਗਿਆ / Funded by / Financé par

Citizenship and Immigration Canada
Citoyenneté et Immigration Canada
Canada